# ਮਨ ਭਾਉਂਦਾ ਅਧਿਆਪਕ

ਅਧਿਆਪਕ ਸਾਨੂੰ ਜ਼ਿੰਦਗੀ ਜੀਉਣ ਦਾ ਰਾਹ ਦੱਸਦੇ ਹਨ। ਇੱਕ ਵਿਦਿਆਰਥੀ ਲਈ ਅਧਿਆਪਕ ਦਾ ਦਰਜਾ ਸਭ ਤੋਂ ਉੱਪਰ ਹੈ। ਮੇਰੇ ਸਕੂਲ ਵਿੱਚ ਕੁੱਲ 4 ਅਧਿਆਪਕ ਹਨ। ਸਾਰੇ ਅਧਿਆਪਕ ਹੀ ਬਹੁਤ ਮਿਹਨਤੀ, ਤਜਰਬੇਕਾਰ ਅਤੇ ਸਤਿਕਾਰਯੋਗ ਹਨ। ਮੈਂ ਆਪਣੇ ਸਾਰੇ ਅਧਿਆਪਕਾਂ ਦਾ ਬਹੁਤ ਹੀ ਸਤਿਕਾਰ ਕਰਦਾ/ਕਰਦੀ ਹਾਂ ਪਰ ਮੈਂ ਸ੍ਰੀ/ਸ੍ਰੀਮਤੀ ................. ਨੂੰ ਉਹਨਾਂ ਦੇ ਵਿਲੱਖਣ ਗੁਣਾਂ ਕਾਰਨ ਆਪਣਾ ਆਦਰਸ਼ ਮੰਨਦਾ ਹਾਂ। ਉਹ ਮੇਰੇ ਮਨਭਾਉਂਦੇ ਅਧਿਆਪਕ ਹਨ।



ਉਹਨਾਂ ਦਾ ਪੜ੍ਹਾਉਣ ਦਾ ਢੰਗ ਬੜਾ ਹੀ ਨਿਆਰਾ ਹੈ। ਉਹ ਸਾਨੂੰ ਪੰਜਾਬੀ ਵਿਸ਼ਾ ਪੜ੍ਹਾਉਂਦੇ ਹਨ। ਉਹ ਸਾਨੂੰ ਬੜੇ ਹੀ ਪਿਆਰ ਨਾਲ ਪੜ੍ਹਾਉਂਦੇ ਹਨ। ਉਹ ਕਦੇ ਵੀ ਅਕਦੇ ਨਹੀਂ ਸਗੋਂ ਗਿਆਨ ਦੇ ਰੋਚਕ ਤੱਥ ਸੁਣਾ ਕੇ ਸਾਨੂੰ ਆਪਣੇ ਨਾਲ ਜੋੜ ਲੈਂਦੇ ਹਨ। ਉਹ ਵਿਆਕਰਨ ਵੀ ਬੜੇ ਸਰਲ ਤੇ ਸੌਖੇ ਢੰਗ ਨਾਲ਼ ਸਮਝਾਉਂਦੇ ਹਨ। ਉਹ ਸਾਨੂੰ ਮਾਤ ਬੋਲੀ ਦਾ ਸਹੀ ਉਚਾਰਨ ਵੀ ਕਰਵਾਉਂਦੇ ਰਹਿੰਦੇ ਹਨ। ਉਹ ਆਪ ਸੁੰਦਰ ਲਿਖਾਈ ਦੇ ਮਾਹਿਰ ਹਨ ਤੇ ਸਾਨੂੰ ਵੀ ਸੁੰਦਰ ਲਿਖਾਈ ਦੇ ਗੁਰ ਸਿਖਾਉਂਦੇ ਹਨ। ਉਹ ਕਿਸੇ ਵੀ ਬੱਚੇ ਨੂੰ ਕਦੇ ਕੁੱਟਦੇ ਜਾਂ ਝਿੜਕਦੇ ਨਹੀਂ ਸਗੋਂ ਹਰ ਗੱਲ ਨੂੰ ਪਿਆਰ ਅਤੇ ਵਿਗਿਆਨਿਕ ਢੰਗ ਨਾਲ ਸਮਝਾਉਂਦੇ ਹਨ। ਉਹ ਬਹੁਤ ਵਧੀਆ ਬੁਲਾਰੇ ਹਨ ਅਤੇ ਬੱਚਿਆਂ ਨੂੰ ਭਾਸ਼ਨ ਕਲਾ ਵਿੱਚ ਨਿਪੁੰਨ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਉਹ ਬੱਚਿਆਂ ਨੂੰ ਨੈਤਿਕ ਕਦਰਾਂ-ਕੀਮਤਾਂ ਬਾਰੇ ਵੀ ਦੱਸਦੇ ਹੁੰਦੇ ਹਨ। ਉਹ ਵਾਤਾਵਰਨ ਪ੍ਰੇਮੀ ਹਨ। ਉਹ ਹਮੇਸ਼ਾਂ ਬੱਚਿਆਂ ਨੂੰ ਵਾਤਾਵਰਨ ਸਾਂਭ ਸੰਭਾਲ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਉਹ ਵਧੀਆ ਖਿਡਾਰੀ ਅਤੇ ਚੰਗੀ ਸਿਹਤ ਦੇ ਮਾਲਕ ਹਨ। ਉਹ ਸਾਨੂੰ ਖੇਡਾਂ ਵਿਚ ਵੀ ਲੈ ਕੇ ਜਾਂਦੇ ਹਨ।

ਉਹ ਅੰਧ-ਵਿਸ਼ਵਾਸ ਤੋਂ ਕੋਹਾਂ ਦੂਰ ਨੇ ਤੇ ਸਾਨੂੰ ਵੀ ਹਮੇਸ਼ਾਂ ਵਹਿਮਾਂ-ਭਰਮਾਂ ਦੇ ਨਾਲ਼ ਤੋਂ ਦੂਰ ਰਹਿਣ ਦੀ ਨਸੀਅਤ ਦਿੰਦੇ ਰਹਿੰਦੇ ਹਨ। ਉਹ ਬੱਚਿਆਂ ਨੂੰ ਲਾਲਚ, ਚੋਰੀ, ਝੂਠ ਅਤੇ ਨਸ਼ਿਆਂ ਜਿਹੀਆਂ ਬੁਰੀਆਂ ਆਦਤਾਂ ਕਾਰਨ ਜ਼ਿੰਦਗੀ 'ਤੇ ਪੈਣ ਵਾਲ਼ੇ ਮਾੜੇ ਪ੍ਰਭਾਵਾਂ ਬਾਰੇ ਸੁਚੇਤ ਕਰਦੇ ਹਨ। ਉਹ ਸਾਨੂੰ ਆਵਾਜਾਈ ਦੇ ਨਿਯਮਾਂ ਦੀ ਜਾਣਕਾਰੀ ਦਿੰਦੇ ਹਨ। ਉਹ ਹਮੇਸ਼ਾ ਸਮੇਂ ਤੋਂ ਪਹਿਲਾ ਸਕੂਲ ਆ ਕੇ ਸਕੂਲ ਕੈਂਪਸ ਦਾ ਨਿਰੀਖਣ ਕਰਦੇ ਹਨ। ਸਕੂਲ ਦੇ ਖੇਡ ਮੈਦਾਨਾਂ, ਪਾਰਕਾਂ ਅਤੇ ਪੀਣ ਦੇ ਪਾਣੀ ਦੇ ਪ੍ਰਬੰਧ ਨੂੰ ਸੁਚੱਜੀ ਦਿੱਖ ਪ੍ਰਦਾਨ ਕਰਨਾ ਉਹਨਾ ਦਾ ਵਿਸ਼ੇਸ਼ ਮੰਤਵ ਹੈ। ਉਹ ਸਾਡੇ ਸਕੂਲ ਦੀ ਲਾਇਬ੍ਰੇਰੀ ਦੇ ਇੰਚਾਰਜ ਵੀ ਹਨ। ਪੁਸਤਕਾਂ ਪ੍ਰਤੀ ਸਾਡੀ ਰੁਚੀ ਪੈਦਾ ਕਰਨ ਲਈ ਨਵੀਆਂ-ਨਵੀਆਂ ਪੁਸਤਕਾਂ ਖਰੀਦਦੇ ਹਨ। ਸਮੇਂ ਸਮੇਂ 'ਤੇ ਸਕੂਲ ਵਿੱਚ ਪੁਸਤਕ ਅਤੇ ਬਾਲ ਮੇਲੇ ਵੀ ਲਾਉਂਦੇ ਹਨ। ਉਹ ਚੰਗੇ ਲੇਖਕ ਹਨ, ਉਹਨਾਂ ਦੇ ਲੇਖ ਅਖ਼ਬਾਰਾਂ ਵਿਚ ਲਗਦੇ ਹਨ। ਉਹ ਹਰ ਇੱਕ ਨਾਲ ਮਿੱਤਰਤਾ ਰੱਖਦੇ ਹਨ। ਸਕੂਲ ਦੇ ਸਾਰੇ ਅਧਿਆਪਕ ਅਤੇ ਪਿੰਡ ਵਾਸੀ ਉਹਨਾਂ ਦਾ ਆਦਰ ਸਤਿਕਾਰ ਕਰਦੇ ਹਨ। ਉਹ ਮੇਰੇ ਹੀ ਨਹੀਂ, ਸਕੂਲ ਦੇ ਹੀ ਨਹੀਂ ਸਗੋਂ ਸਮੁੱਚੇ ਇਲਾਕੇ ਦੇ ਹਰਮਨ ਪਿਆਰੇ ਅਤੇ ਸਨਮਾਨਯੋਗ ਅਧਿਆਪਕ ਹਨ ।

# ਅੱਖੀਂ ਡਿੱਠਾ ਮੇਲਾ

ਪੰਜਾਬ ਵਿਚ ਵੱਖ-ਵੱਖ ਰੁੱਤਾਂ, ਤਿਉਹਾਰਾਂ ਨਾਲ ਸੰਬੰਧਿਤ ਬਹੁਤ ਸਾਰੇ ਮੇਲੇ ਲੱਗਦੇ ਹਨ। ਹਰਮਨ-ਪਿਆਰੇ ਮੇਲੇ ਵੇਖਣ ਲਈ ਲੋਕਾਂ ਨੂੰ ਚਾਅ ਚੜ੍ਹਿਆ ਰਹਿੰਦਾ ਹੈ।ਇਹ ਇੰਨੇ ਹਰਮਨ-ਪਿਆਰੇ ਹਨ ਕਿ ਇਨ੍ਹਾਂ ਨੂੰ ਵੇਖਣ ਦਾ ਚਾਅ ਲੋਕ-ਗੀਤਾਂ ਵਿਚ ਵੀ ਅੰਕਿਤ ਹੈ; ਜਿਵੇਂ

**ਮੇਰਾ ਕੱਲੀ ਦਾ ਜੀ ਨਹੀਂ ਲਗਦਾ,**
**ਵੇ ਲੈ ਚੱਲ ਮੇਲੇ ਨੂੰ।**

**ਚਲ ਚਲੀਏ ਜਰਗ ਦੇ ਮੇਲੇ,**
**ਮੁੰਡਾ ਤੇਰਾ ਮੈਂ ਚੁੱਕ ਲਊਂ।**



ਵਿਸਾਖੀ ਦਾ ਮੇਲਾ ਹਰ ਸਾਲ 13 ਅਪ੍ਰੈਲ ਨੂੰ ਭਾਰਤ ਵਿਚ ਥਾਂ-ਥਾਂ 'ਤੇ ਲੱਗਦਾ ਹੈ। ਇਹ ਤਿਉਹਾਰ ਹਾੜੀ ਦੀ ਫ਼ਸਲ ਪੱਕਣ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ। ਸਾਡੇ ਪਿੰਡ ਤੋਂ ਦੋ ਕੁ ਮੀਲ ਦੀ ਵਿੱਥ 'ਤੇ ਵਿਸਾਖੀ ਦਾ ਮੇਲਾ ਲੱਗਦਾ ਹੈ। ਐਤਕੀਂ ਮੈਂ ਆਪਣੇ ਪਿਤਾ ਜੀ ਨਾਲ ਮੇਲਾ ਵੇਖਣ ਲਈ ਗਿਆ। ਰਸਤੇ ਵਿਚ ਮੈਂ ਦੇਖਿਆ ਕਿ ਬਹੁਤ ਸਾਰੇ ਬੱਚੇ, ਬੁੱਢੇ ਤੇ ਨੌਜਵਾਨ ਮੇਲਾ ਵੇਖਣ ਲਈ ਜਾ ਰਹੇ ਸਨ। ਸਾਰਿਆਂ ਨੇ ਨਵੇਂ ਕੱਪੜੇ ਪਾਏ ਹੋਏ ਹੋਏ ਸਨ। ਰਸਤੇ ਵਿਚ ਅਸੀਂ ਕੁੱਝ ਕਿਸਾਨਾਂ ਨੂੰ ਕਣਕ ਦੀ ਵਾਢੀ ਦਾ ਸ਼ਗਨ ਕਰਦਿਆਂ ਵੀ ਦੇਖਿਆ।

ਮੇਰੇ ਪਿਤਾ ਜੀ ਨੇ ਮੈਨੂੰ ਦੱਸਿਆ ਕਿ ਵਿਸਾਖੀ ਨੂੰ ਹਾੜ੍ਹੀ ਦੀ ਫ਼ਸਲ ਦੇ ਪੱਕਣ ਦੀ ਖ਼ੁਸ਼ੀ ਵਿਚ ਮਨਾਇਆ ਜਾਂਦਾ ਹੈ। ਇਸ ਮਹਾਨ ਦਿਨ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਚ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਸੇ ਦਿਨ ਹੀ ਜ਼ਾਲਮ ਅੰਗਰੇਜ਼ ਜਨਰਲ ਡਾਇਰ ਨੇ ਜਲਿਆਂ ਵਾਲ਼ਾ ਬਾਗ ਅੰਮ੍ਰਿਤਸਰ ਵਿਚ ਨਿਹੱਥੇ ਲੋਕਾਂ ਉੱਪਰ ਗੋਲੀ ਚਲਾਈ ਸੀ, ਜਿਸ ਵਿਚ ਬਹੁਤ ਸਾਰੇ ਲੋਕ ਮਾਰੇ ਗਏ ਸਨ।

ਇਹ ਗੱਲਾਂ ਕਰਦਿਆਂ ਹੀ ਅਸੀਂ ਮੇਲੇ ਵਿਚ ਪਹੁੰਚ ਗਏ। ਮੇਲੇ ਵਿਚ ਵਾਜੇ ਵੱਜਣ, ਢੋਲ ਖੜਕਣ, ਪੰਘੂੜਿਆਂ ਦੇ ਚੀਕਣ ਤੇ ਕੁੱਝ ਲਾਊਡ-ਸਪੀਕਰਾਂ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਮੇਲੇ ਵਿਚ ਕਾਫ਼ੀ ਭੀੜ-ਭੜੱਕਾ ਅਤੇ ਰੌਲਾ-ਰੱਪਾ ਸੀ। ਆਲੇ-ਦੁਆਲੇ ਮਠਿਆਈਆਂ, ਖਿਡੌਣਿਆਂ ਤੇ ਹੋਰ ਕਈ ਪ੍ਰਕਾਰ ਦੀਆਂ ਚੀਜ਼ਾਂ ਦੀਆਂ ਦੁਕਾਨਾਂ ਸਜੀਆਂ ਹੋਈਆਂ ਸਨ। ਅਸੀਂ ਮਠਿਆਈ ਦੀ ਇਕ ਦੁਕਾਨ ਉੱਤੇ ਬੈਠ ਕੇ ਤੱਤੀਆਂ-ਤੱਤੀਆਂ ਜਲੇਬੀਆਂ ਖਾਧੀਆਂ। ਸਾਡੇ ਨੇੜੇ ਹੀ ਕੁੱਝ ਜੱਟ ਜਲੇਬੀਆਂ ਤੇ ਪਕੌੜੇ ਖਾ ਰਹੇ ਸਨ ਤੇ ਨਾਲ ਹੀ ਉਹ ਸ਼ਰਾਬ ਪੀ ਕੇ ਬੜ੍ਹਕਾਂ ਮਾਰ ਰਹੇ ਸਨ। ਮੇਲੇ ਦਾ ਪ੍ਰਬੰਧ ਪੁਲਿਸ ਕਰ ਰਹੀ ਸੀ ।

ਮੇਲੇ ਵਿਚ ਬੱਚੇ ਤੇ ਕੁੜੀਆਂ ਪੰਘੂੜੇ ਝੂਟ ਰਹੇ ਸਨ। ਮੈਂ ਵੀ ਪੰਘੂੜੇ ਵਿਚ ਝੂਟੇ ਲਏ ਤੇ ਫਿਰ ਜਾਦੂਗਰ ਦੇ ਖੇਲ੍ਹ ਦੇਖੇ।ਜਾਦੂਗਰ ਨੇ ਸੌ ਦਾ ਨੋਟ ਸਾੜ ਕੇ ਮੁੜ ਉਸੇ ਨੰਬਰ ਦਾ ਨੋਟ ਬਣਾ ਦਿੱਤਾ। ਫਿਰ ਉਸ ਨੇ ਤਾਸ਼ ਦੇ ਕਈ ਖੇਲ਼ ਦਿਖਾਏ। ਜਿਉਂ-ਜਿਉਂ ਦਿਨ ਬੀਤ ਰਿਹਾ ਸੀ, ਮੇਲੇ ਦੀ ਭੀੜ ਵਧਦੀ ਜਾ ਰਹੀ ਸੀ। ਇਕ ਪਾਸੇ ਅਸੀਂ ਫੁੱਟਬਾਲ ਦਾ ਮੈਚ ਵੀ ਦੇਖਿਆ। ਇੰਨੇ ਨੂੰ ਸੂਰਜ ਛਿਪ ਰਿਹਾ ਸੀ। ਨੇੜੇ ਦੀ ਦੁਕਾਨ ਤੋਂ ਅਸੀਂ ਮਠਿਆਈ ਖ਼ਰੀਦੀ ਅਤੇ ਪਿੰਡ ਦਾ ਰਸਤਾ ਫੜ ਲਿਆ। ਕਾਫ਼ੀ ਹਨੇਰੇ ਹੋਏ ਅਸੀਂ ਘਰ ਪਹੁੰਚੇ ।

## ਰੇਲਵੇ ਸਟੇਸ਼ਨ

ਰੇਲਵੇ ਸਟੇਸ਼ਨ ਉਹ ਜਗ੍ਹਾ ਹੈ ਜਿੱਥੇ ਯਾਤਰੀ ਰੇਲ ਗੱਡੀਆਂ ਰਾਂਹੀ ਦੇਸ਼ ਵਿਚ ਇੱਕ ਕੋਨੇ ਤੋਂ ਦੂਜੇ ਕੋਨੇ ਵਿਚ ਆ-ਜਾ ਸਕਦੇ ਹਨ। ਰੇਲਵੇ ਸਟੇਸ਼ਨ ਉੱਪਰ ਹੀ ਕੱਚਾ ਜਾਂ ਪੱਕਾ ਮਾਲ ਰੇਲ ਗੱਡੀਆਂ 'ਤੇ ਅਪਲੋਡ ਕਰ ਕੇ ਦੇਸ਼ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਪਹੁੰਚਾਇਆ ਜਾਂਦਾ ਹੈ। ਰੇਲਵੇ ਸਟੇਸ਼ਨ ਆਮ ਤੌਰ 'ਤੇ ਯਾਤਰੀਆਂ ਅਤੇ ਚੀਜ਼ਾਂ ਨੂੰ ਸੰਭਾਲਣ ਲਈ ਬਣਾਏ ਜਾਂਦੇ ਹਨ। ਸਟੇਸ਼ਨ ਰੇਲਵੇ ਲਾਈਨਾਂ ਦੇ ਅੱਗੇ ਬਣੇ ਹੁੰਦੇ ਹਨ। ਜਿਸ ਕਰਕੇ ਯਾਤਰੀ ਅਸਾਨੀ ਨਾਲ਼ ਰੇਲ ਗੱਡੀ 'ਤੇ ਚੜ੍ਹ ਅਤੇ ਉੱਤਰ ਸਕਦੇ ਹਨ ਅਤੇ ਢੋਆ-ਢੋਆਈ ਦਾ ਸਮਾਨ ਵੀ ਅਸਾਨੀ ਨਾਲ਼ ਚੜ੍ਹਾਇਆ ਜਾਂ ਉਤਾਰਿਆ ਜਾ ਸਕਦਾ ਹੈ। ਦੁਨੀਆ ਦਾ ਸਭ ਤੋਂ ਵਿਅਸਤ ਰੇਲਵੇ ਸਟੇਸ਼ਨ ਜਪਾਨ ਦੇ ਟੋਕੀਓ ਵਿਚ ਸ਼ਿੰਜਕੂ ਸਟੇਸ਼ਨ ਹੈ। ਭਾਰਤ ਵਿਚ ਸਭ ਤੋਂ ਲੰਮਾ ਰੇਲਵੇ ਸਟੇਸ਼ਨ ਗੋਰਖਪੁਰ ਰੇਲਵੇ ਸਟੇਸ਼ਨ ਹੈ।



ਭਾਰਤ ਵਿਚ ਲਗਭਗ 8000-8500 ਰੇਲਵੇ ਸਟੇਸ਼ਨ ਹਨ। ਹਰ ਰੇਲਵੇ ਸਟੇਸ਼ਨ 'ਤੇ ਟਿਕਟ ਖਿੜਕੀ ਮੌਜੂਦ ਹੁੰਦੀ ਹੈ ਜਿੱਥੋ ਰੇਲ ਦੀ ਟਿਕਟ ਖ਼੍ਰੀਦੀ ਜਾਂਦੀ ਹੈ। ਸਫ਼ਰ ਕਰਨ ਲਈ ਰੇਲਵੇ ਦੇਸ਼ ਵਿਚ ਸਭ ਤੋਂ ਸਸਤਾ ਤੇ ਭਰੋਸੇਮੰਦ ਸਾਧਨ ਹੈ। ਇਸ ਲਈ ਭਾਰਤ ਵਿਚ ਲਗਭਗ 20 ਮਿਲੀਅਨ ਲੋਕ ਪ੍ਰਤੀ ਦਿਨ ਰੇਲਵੇ ਰਾਂਹੀ ਸਫਰ ਕਰਦੇ ਹਨ। ਰੇਲਵੇ ਸਟੇਸ਼ਨ ਦੇ ਅੰਦਰ-ਬਾਹਰ ਹਮੇਸ਼ਾਂ ਲੋਕਾ ਦੀ ਭੀੜ ਹੁੰਦੀ ਹੈ। ਯਾਤਰੀਆਂ ਨੂੰ ਛੱਡਣ ਲਈ ਸਟੇਸ਼ਨ ਦੇ ਬਾਹਰ ਕਾਰਾਂ, ਆਟੋ, ਰਿਕਸ਼ੇ ਹਮੇਸ਼ਾ ਖੜ੍ਹੇ ਮਿਲਦੇ ਹਨ। ਯਾਤਰੀਆਂ ਦੀ ਸਹੂਲਤ ਲਈ ਅਰਾਮ ਘਰ ਹਰ ਰੇਲਵੇ ਸਟੇਸ਼ਨ ਤੇ ਮੌਜੂਦ ਹੁੰਦਾ ਹੈ। ਪਲੇਟਫਾਰਮਾਂ 'ਤੇ ਯਾਤਰੀਆਂ ਦੀ ਜਾਣਕਾਰੀ ਲਈ ਲਾਊਡਸਪੀਕਰ ਹਰ ਸਮੇਂ ਰੇਲ ਗੱਡੀਆਂ ਦੇ ਸਮੇਂ ਦਸਦੇ ਰਹਿੰਦੇ ਹਨ। ਇਸ ਦੇ ਨਾਲ਼ ਗਤੀਸ਼ੀਲ/ ਇਲੈਕਟ੍ਰਾਨਿਕ ਸਮਾਂ-ਸਾਰਣੀਆਂ ਵੀ ਹਰ ਸਮੇਂ ਚੱਲਦੀਆਂ ਰਹਿੰਦੀਆਂ ਹਨ ਜੋ ਗੱਡੀਆਂ ਦੀ ਦੇਰੀ, ਰੱਦ ਹੋਣਾ, ਪਲੇਟਫਾਰਮ ਤਬਦੀਲੀ, ਰੂਟ ਅਤੇ ਮੰਜ਼ਿਲ ਤਬਦੀਲੀ ਸਮੇਤ ਕਈ ਕਿਸਮ ਦੀ ਜਾਣਕਾਰੀ ਦਸਦੀਆਂ ਹਨ। ਇਸ ਦੇ ਨਾਲ਼ ਹੀ ਰੇਲਵੇ ਸਟੇਸ਼ਨ ਤੇ ਚਾਹ, ਕੋਲਡ ਡਰਿੰਕ ਬਰੈੱਡਪੀਸ, ਪੂੜੀਆਂ/ਛੋਲੇ, ਅਖ਼ਬਾਰ/ਮੈਗਜੀਨ ਆਦਿ ਦੀਆਂ ਦੁਕਾਨਾਂ ਆਮ ਦੇਖੀਆਂ ਜਾ ਸਕਦੀਆਂ ਹਨ। ਇਹ ਦੁਕਾਨਦਾਰ ਅਨਪੜ੍ਹ ਯਾਤਰੀਆਂ ਨੂੰ ਗੱਡੀਆਂ ਬਾਰੇ ਜਾਣਕਾਰੀ ਦੇਣ ਵਿਚ ਬਹੁਤ ਸਹਾਈ ਹੁੰਦੇ ਹਨ।

ਜਿਉਂ ਹੀ ਕੋਈ ਗੱਡੀ ਪਲੇਰਫਾਰਮ 'ਤੇ ਪਹੁੰਚਦੀ ਹੈ ਤਾਂ ਕੁਲੀ ਸਮਾਨ ਚੁੱਕਣ ਲਈ, ਸਫ਼ਰ ਕਰਨ ਵਾਲ਼ੇ ਖਾਲੀ ਸੀਟ ਦੀ ਭਾਲ ਵਿਚ ਤੇ ਦੁਕਾਨਾਂ 'ਤੇ ਲੱਗੇ ਮੁੰਡੇ ਸਮਾਨ ਵੇਚਣ ਲਈ ਗੱਡੀ ਵੱਲ ਭੱਜਦੇ ਹਨ। ਰੇਲਵੇ ਸਟੇਸ਼ਨ ਤੇ ਜਿਆਦਾ ਭੀੜ ਹੋਣ ਕਾਰਨ ਜੇਬ ਕਤਰੇ, ਚੋਰ ਆਮ ਹੀ ਹੁੰਦੇ ਹਨ। ਇਸ ਲਈ ਰੇਲਵੇ ਸਟੇਸ਼ਨ ਤੇ ਯਾਤਰੀਆਂ ਦੀ ਸੁਰੱਖਿਆ ਲਈ ਰੇਲਵੇ ਦੀ ਆਪਣੀ ਪੁਲਿਸ ਮੌਜੂਦ ਹੁੰਦੀ ਹੈ। ਯਾਤਰੀ ਸਫਰ ਕਰ ਕੇ, ਦੁਕਾਨਦਾਰ ਸਮਾਨ ਵੇਚ ਕੇ ਘਰਾਂ ਨੂੰ ਪਹੁੰਚ ਜਾਂਦੇ ਹਨ ਪਰ ਰੇਲਵੇ ਸਟੇਸ਼ਨ ਉਸੇ ਤਰ੍ਹਾਂ ਦਿਨ-ਰਾਤ ਲੋਕਾਂ ਦੀ ਮਦਦ ਕਰਦਾ ਰਹਿੰਦਾ ਹੈ। ਜਿਸ ਤਰ੍ਹਾਂ ਕਿਸੇ ਵਿਅਕਤੀ ਲਈ ਘਰ ਜ਼ਰੂਰੀ ਹੈ ਉਸੇ ਤਰ੍ਹਾਂ ਰੇਲ ਗੱਡੀ ਲਈ ਰੇਲਵੇ ਸਟੇਸ਼ਨ ਜ਼ਰੂਰੀ ਹੈ ਕਿਉਂਕਿ ਰੇਲਵੇ ਸਟੇਸ਼ਨ ਯਾਤਰੀਆਂ ਅਤੇ ਰੇਲ ਗੱਡੀਆਂ ਵਿਚਕਾਰ ਇੱਕ ਕੜੀ ਦਾ ਕੰਮ ਪੂਰਾ ਕਰਦਾ ਹੈ।

## ਆਪਣੇ ਪਿੰਡ ਦੇ ਸਰਪੰਚ ਨੂੰ ਮੁਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਪ੍ਰਬੰਧ ਨੂੰ ਸੁਧਾਰਨ ਲਈ ਪੱਤਰ ਲਿਖੋ।



ਸੇਵਾ ਵਿਖੇ

ਸਰਪੰਚ,

ਗ੍ਰਾਮ ਪੰਚਾਇਤ,

ਪਿੰਡ ...............।

ਵਿਸ਼ਾ : ਮੁਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਪ੍ਰਬੰਧ ਨੂੰ ਸੁਧਾਰਨ ਸੰਬੰਧੀ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਆਪ ਜੀ ਦਾ ਧਿਆਨ ਪਿੰਡ ਦੀ ਫਿਰਨੀ ਅਤੇ ਗਲੀਆਂ ਵੱਲ ਦਿਵਾਉਣਾ ਚਾਹੁੰਦਾ ਹਾਂ। ਫਿਰਨੀ ’ਤੇ ਸੜਕ ਦੇ ਦੋਵੇਂ ਪਾਸੇ ਗੰਦਗੀ ਦੇ ਢੇਰ ਲੱਗੇ ਰਹਿੰਦੇ ਹਨ ਜਿਸ ਕਰਕੇ ਹਮੇਸ਼ਾਂ ਬਿਮਾਰੀਆਂ ਫੈਲਣ ਦਾ ਡਰ ਬਣਿਆ ਰਹਿੰਦਾ ਹੈ। ਕੁੱਤੇ, ਬਿੱਲੀਆਂ, ਸੂਰ ਤੇ ਹੋਰ ਅਵਾਰਾ ਪਸ਼ੂ ਇਹਨਾਂ ਗੰਦਗੀ ਦੇ ਢੇਰਾਂ ਨੂੰ ਫਰੋਲ਼ਦੇ ਰਹਿੰਦੇ ਹਨ, ਜਿਸ ਕਾਰਨ ਸੜਕ ’ਤੇ ਵੀ ਕੂੜਾ-ਕਰਕਟ ਖਿੱਲਰ ਜਾਦਾ ਹੈ।

ਗੰਦੇ ਪਾਣੀ ਦੇ ਨਿਕਾਸ ਲਈ ਵੀ ਉੱਚਿਤ ਪ੍ਰਬੰਧ ਨਹੀਂ ਹੈ, ਜਿਸ ਕਾਰਨ ਬਰਸਾਤ ਦੇ ਦਿਨਾਂ ਵਿਚ ਗੰਦਾ ਪਾਣੀ ਸੜਕਾਂ ਅਤੇ ਗਲੀਆਂ ਵਿਚ ਭਰ ਜਾਂਦਾ ਹੈ।

ਸੋ ਮੈਂ ਆਪਣੇ ਪਿੰਡ ਵਾਸੀਆਂ ਵਲੋਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਛੇਤੀ ਤੋਂ ਛੇਤੀ ਕੂੜਾ ਚੁਕਾਉਣ ਦਾ ਉਪਰਾਲਾ ਕੀਤਾ ਜਾਵੇ। ਕੂੜਾ ਸੁੱਟਣ ਲਈ ਵੱਡੇ-ਵੱਡੇ ਢੱਕਣਦਾਰ ਢੋਲ ਰਖਵਾਉਣ ਦੀ ਕਿਰਪਾਲਤਾ ਕੀਤੀ ਜਾਵੇ ਜੀ। ਗੰਦੇ ਪਾਣੀ ਦੇ ਨਿਕਾਸ ਲਈ ਨਾਲੀਆਂ ਨੂੰ ਸਾਫ਼ ਕਰਵਾਇਆ ਜਾਵੇ ਤਾਂ ਜੋ ਇਲਾਕਾ-ਨਿਵਾਸੀ ਘਾਤਕ ਬਿਮਾਰੀਆਂ ਤੋਂ ਬਚੇ ਰਹਿਣ।

ਧੰਨਵਾਦ ਸਹਿਤ।

ਆਪ ਦਾ ਵਿਸ਼ਵਾਸਪਾਤਰ,

..................,

ਮਿਤੀ ... ਮਈ, 2020 ਪਿੰਡ ...........।

## ਖਾਣ-ਪੀਣ ਦੀਆਂ ਵਸਤਾਂ ਵਿਚ ਵਧ ਰਹੀ ਮਿਲਾਵਟ ਬਾਰੇ ਸਿਹਤ ਅਧਿਕਾਰੀ ਨੂੰ ਪੱਤਰ ਲਿਖੋ।



ਸੇਵਾ ਵਿਖੇ

ਜ਼ਿਲ੍ਹਾ ਸਿਹਤ ਅਧਿਕਾਰੀ,

.....................।

ਵਿਸ਼ਾ : ਖਾਣ-ਪੀਣ ਦੀਆਂ ਵਸਤਾਂ ਵਿੱਚ ਵਧ ਰਹੀ ਮਿਲਾਵਟ ਬਾਰੇ।

ਸ੍ਰੀਮਾਨ ਜੀ ,

ਮੈਂ ਆਪਣੇ ਇਸ ਪੱਤਰ ਦੁਆਰਾ ਆਪ ਦਾ ਧਿਆਨ ਖਾਣ-ਪੀਣ ਦੀਆਂ ਵਸਤਾਂ ਵਿੱਚ ਵਧ ਰਹੀ ਮਿਲਾਵਟ ਵੱਲ ਦਿਵਾਉਣਾ ਚਾਹੁੰਦਾ ਹਾਂ। ਅੱਜ-ਕੱਲ੍ਹ ਕੁਝ ਦੁਕਾਨਦਾਰ ਵਧੇਰੇ ਮੁਨਾਫ਼ੇ ਲਈ ਹਰ ਚੀਜ਼ ਵਿੱਚ ਮਿਲਾਵਟ ਕਰਨ ਲੱਗ ਪਏ ਹਨ। ਕੱਲ੍ਹ ਦੀ ਹੀ ਗੱਲ ਹੈ ਕਿ ਅਸੀਂ ਖਾਣ-ਪਕਾਉਣ ਵਾਲੀਆਂ ਚੀਜ਼ਾਂ ਖਰੀਦ ਕੇ ਲਿਆਏ। ਘਰ ਆ ਕੇ ਵੇਖਿਆ ਕਿ ਖਰੀਦੀ ਦਾਲ ਵਿੱਚ ਉਸੇ ਰੰਗ ਦੇ ਬਹੁਤ ਬਰੀਕ ਕੰਕਰ ਰਲਾਏ ਹੋਏ ਸਨ। ਹਲਦੀ ਵਿੱਚ ਵੀ ਮਿਲਾਵਟ ਹੋਈ ਜਾਪਦੀ ਸੀ। ਘਿਉ ਗਰੀਸ ਵਰਗਾ ਲਗਦਾ ਸੀ। ਇਹ ਵੇਖ ਕੇ ਮਨ ਖੱਟਾ ਹੋ ਗਿਆ। ਹੋਰ ਵੀ ਕਈਆਂ ਘਰਾਂ ਤੋਂ ਪਤਾ ਕੀਤਾ ਹੈ, ਸਭ ਨੂੰ ਮਿਲਾਵਟ ਦੀ ਬਹੁਤ ਸ਼ਿਕਾਇਤ ਹੈ।

ਮੇਰਾ ਸੁਝਾਅ ਹੈ ਕਿ ਸਿਹਤ ਅਧਿਕਾਰੀ ਕਦੇ-ਕਦੇ ਇਹਨਾਂ ਦੁਕਾਨਾਂ ’ਤੇ ਛਾਪੇ ਮਾਰ ਕੇ ਵਸਤੂਆਂ ਦੇ ਨਮੂਨੇ ਭਰ ਕੇ ਲੈ ਜਾਣ ਅਤੇ ਸਖਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਆਸ ਹੈ ਆਪ ਵਲੋਂ ਅਜਿਹੇ ਜੁਰਮਾਂ ਵੱਲ ਧਿਆਨ ਦੇ ਕੇ ਇਸ ਨੂੰ ਛੇਤੀ ਤੋਂ ਛੇਤੀ ਰੋਕਣ ਦਾ ਹਰ ਸੰਭਵ ਯਤਨ ਕੀਤਾ ਜਾਵੇਗਾ।

ਧੰਨਵਾਦ ਸਹਿਤ।

ਆਪ ਦਾ ਵਿਸ਼ਵਾਸਪਾਤਰ,

………………,

………(ਪਤਾ)……,

ਮਿਤੀ : … ਮਈ, 2020

…………………।

## ਕਿਸਾਨ ਅਤੇ ਉਸਦੇ ਚਾਰ ਪੁੱਤਰ (ਕਹਾਣੀ)

ਇਕ ਵਾਰੀ ਦੀ ਗੱਲ ਹੈ ਕਿ ਕਿਸੇ ਥਾਂ ਇੱਕ ਦਾ ਕਿਸਾਨ ਰਹਿੰਦਾ ਸੀ। ਉਸ ਦੇ ਚਾਰ ਪੁੱਤਰ ਸਨ। ਉਹ ਹਮੇਸ਼ਾਂ ਆਪਸ ਵਿਚ ਲੜਦੇ ਰਹਿੰਦੇ ਸਨ। ਕਿਸਾਨ ਨੇ ਉਹਨਾਂ ਨੂੰ ਬਹੁਤ ਵਾਰੀ ਸਮਝਾਇਆ ਸੀ ਕਿ ਉਹ ਪਿਆਰ ਅਤੇ ਏਕਤਾ ਨਾਲ ਰਹਿਣ, ਪਰ ਉਹਨਾਂ ਉੱਪਰ ਪਿਤਾ ਦੀਆਂ ਨਸੀਹਤਾਂ ਦਾ ਕੋਈ ਅਸਰ ਨਹੀਂ ਸੀ ਹੁੰਦਾ। ਇਕ ਵਾਰੀ ਉਹ ਬੁੱਢਾ ਕਿਸਾਨ ਬਿਮਾਰ ਹੋ ਗਿਆ। ਉਸ ਨੂੰ ਆਪਣੇ ਪੁੱਤਰਾਂ ਵਿਚਕਾਰ ਲੜਾਈ-ਝਗੜੇ ਦਾ ਬਹੁਤ ਫ਼ਿਕਰ ਰਹਿੰਦਾ ਸੀ। ਉਸ ਨੇ ਉਹਨਾਂ ਨੂੰ ਸਮਝਾਉਣ ਲਈ ਆਪਣੀ ਸਮਝ ਨਾਲ ਇਕ ਢੰਗ ਕੱਢਿਆ। ਉਸ ਨੇ ਪਤਲੀਆਂ-ਪਤਲੀਆਂ ਲੱਕੜਾਂ ਦਾ ਇਕ ਬੰਡਲ ਮੰਗਾਇਆ। ਉਸ ਨੇ ਬੰਡਲ ਵਿਚੋਂ ਇੱਕ-ਇੱਕ ਸੋਟੀ ਕੱਢ ਕੇ ਆਪਣੇ ਪੁੱਤਰਾਂ ਨੂੰ ਦਿੱਤੀ ਤੇ ਉਹਨਾਂ ਨੂੰ ਤੋੜਨ ਲਈ ਕਿਹਾ। ਚੌਹਾਂ ਪੁੱਤਰਾਂ ਨੇ ਇੱਕ-ਇੱਕ ਲੱਕੜੀ ਬੜੀ ਸੌਖ ਨਾਲ ਤੋੜ ਦਿੱਤੀ। ਫਿਰ ਕਿਸਾਨ ਨੇ ਸਾਰਾ ਬੰਡਲ ਘੁੱਟ ਕੇ ਬੰਨ੍ਹਿਆ ਤੇ ਉਹਨਾਂ ਨੂੰ ਦੇ ਕੇ ਕਿਹਾ ਕਿ ਇਕੱਲਾ-ਇਕੱਲਾ ਇਸ ਸਾਰੇ ਬੰਡਲ ਨੂੰ ਤੋੜੇ। ਕੋਈ ਵੀ ਪੁੱਤਰ ਉਸ ਬੰਨ੍ਹੇ ਹੋਏ ਬੰਡਲ ਨੂੰ ਨਾ ਤੋੜ ਸਕਿਆ। ਕਿਸਾਨ ਨੇ ਪੁੱਤਰਾਂ ਨੂੰ ਸਿੱਖਿਆ ਦਿੱਤੀ ਕਿ ਉਹਨਾਂ ਨੂੰ ਲੜਾਈ-ਝਗੜਾ ਕਰ ਕੇ ਅਲੱਗ-ਅਲੱਗ ਰਹਿਣ ਦੀ ਥਾਂ ਮਿਲ ਕੇ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਉਹਨਾਂ ਦੀ ਤਾਕਤ ਬਹੁਤ ਹੋਵੇਗੀ। ਇਹ ਸੁਣ ਪੁੱਤਰਾਂ ਨੇ ਪਿਤਾ ਨੂੰ ਰਲ-ਮਿਲ ਕੇ ਰਹਿਣ ਦਾ ਵਚਨ ਦਿੱਤਾ।



ਸਿੱਖਿਆ - ਏਕਤਾ ਵਿਚ ਬਲ ਹੈ ।

## ਵਿਆਕਰਨ

ਕਿਸੇ ਬੋਲੀ ਜਾਂ ਭਾਸ਼ਾ ਨੂੰ ਸ਼ੁੱਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਜਿਨ੍ਹਾਂ ਨਿਯਮਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ ਵਿਆਕਰਨ ਕਿਹਾ ਜਾਂਦਾ ਹੈ। ਕਿਸੇ ਇੱਕ ਭਾਸ਼ਾ ਦੇ ਇਹਨਾਂ ਨਿਯਮਾਂ ਨੂੰ ਕਿਸੇ ਦੂਸਰੀ ਭਾਸ਼ਾ ਉੱਤੇ ਇੰਨ-ਬਿੰਨ ਲਾਗੂ ਨਹੀਂ ਕੀਤਾ ਜਾ ਸਕਦਾ। ਵਿਆਕਰਨ ਦੇ ਨਿਯਮ ਆਮ ਤੌਰ ਤੇ ਸਥਿਰ ਹੁੰਦੇ ਹਨ ਜਦੋਂ ਕਿ ਜੀਵਿਤ ਭਾਸ਼ਾ ਵਿਚ ਬਦਲਾਅ ਆਉਂਦੇ ਰਹਿੰਦੇ ਹਨ।

ਵਿਆਕਰਨ ਦੇ ਮੁੱਖ ਤੌਰ ਤੇ ਚਾਰ ਭਾਗ ਹਨ :

1. ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ

2. ਸ਼ਬਦ-ਬੋਧ

3. ਅਰਥ-ਬੋਧ

4. ਵਾਕ-ਬੋਧ

# ਨਾਂਵ

ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਹਾਲਾਤ, ਗੁਣ, ਭਾਵ ਆਦਿ ਲਈ ਵਰਤੇ ਜਾਂਦੇ ਸ਼ਬਦਾ ਨੂੰ ਨਾਂਵ ਕਿਹਾ ਜਾਂਦਾ ਹੈ; ਜਿਵੇ- ਫ਼ਰੀਦਕੋਟ, ਰਸੋਈ, ਸਕੂਲ, ਕਾਰ ਆਦਿ।

**ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :**

1. ਆਮ ਨਾਂਵ ਜਾਂ ਜਾਤੀ ਵਾਚਕ ਨਾਂਵ
2. ਖ਼ਾਸ ਨਾਂਵ
3. ਇਕੱਠਵਾਚਕ ਨਾਂਵ
4. ਭਾਵਵਾਚਕ ਨਾਂਵ
5. ਪਦਾਰਥਵਾਚਕ ਨਾਂਵ

1. **ਆਮ ਨਾਂਵ ਜਾਂ ਜਾਤੀ ਵਾਚਕ ਨਾਂਵ** - ਜਿਹੜੇ ਸ਼ਬਦ ਕਿਸੇ ਜਾਤੀ ਦੀ ਹਰ ਇੱਕ ਵਸਤੂ ਲਈ ਲਈ ਸਾਂਝੇ ਤੌਰ ਤੇ ਵਰਤੇ ਜਾਣ, ਉਹਨਾਂ ਨੂੰ ਆਂਮ ਨਾਂਵ ਕਿਹਾ ਜਾਂਦਾ ਹੈ; ਜਿਵੇਂ- ਦੇਸ, ਮੁੰਡਾ, ਪਿੰਡ ਆਦਿ।
2. **ਖਾਸ ਨਾਂਵ** - ਜਿਹੜੇ ਸ਼ਬਦ ਕਿਸੇ ਖਾਸ ਵਿਅਕਤੀ, ਵਸਤੂ ਜਾਂ ਸਥਾਨ ਲਈ ਵਰਤੇ ਜਾਣ ਉਹਨਾਂ ਨੂੰ ਖਾਸ ਨਾਂਵ ਕਿਹਾ ਜਾਂਦਾ ਹੈ; ਜਿਵੇਂ- ਭਾਰਤ, ਫ਼ਰੀਦਕੋਟ, ਧਰਮਿੰਦਰ ਆਦਿ।
3. **ਇਕੱਠਵਾਚਕ ਨਾਂਵ** - ਜੋ ਸ਼ਬਦ ਗਿਣਨਯੋਗ ਵਸਤੂਆਂ ਦੇ ਇਕੱਠ ਲਈ ਵਰਤੇ ਜਾਣ, ਉਨ੍ਹਾਂ ਨੂੰ ਇਕੱਠਵਾਚਕ ਨਾਂਵ ਕਿਹਾ ਜਾਂਦਾ ਹੈ; ਜਿਵੇ- ਫੌਜ਼, ਜਮਾਤ, ਸਭਾ ਆਦਿ।
4. **ਵਸਤੂਵਾਚਕ ਨਾਂਵ :** ਜਿਹੜੇ ਸ਼ਬਦਾਂ ਤੋਂ ਤੋਲਣ, ਮਿਣਨ ਜਾਂ ਮਾਪੀਆਂ ਜਾਣ ਵਾਲੀਆਂ ਵਸਤੂਆਂ ਦੇ ਨਾਂ ਦਾ ਬੋਧ ਹੋਵੇ, ਉਨ੍ਹਾਂ ਨੂੰ ਵਸਤੂਵਾਚਕ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਪਾਣੀ, ਤੇਲ, ਸੋਨਾ, ਚਾਂਦੀ, ਕੱਪੜਾ, ਮਿੱਟੀ ਆਦਿ।
5. **ਭਾਵਵਾਚਕ ਨਾਂਵ :** ਜਿਹੜੇ ਸ਼ਬਦਾਂ ਤੋਂ ਕਿਸੇ ਭਾਵ, ਗੁਣ ਜਾਂ ਹਾਲਤ ਆਦਿ ਦਾ ਗਿਆਨ ਹੋਵੇ, ਉਨ੍ਹਾਂ ਨੂੰ ਭਾਵਵਾਚਕ ਨਾਂਵ ਆਖਿਆ ਜਾਂਦਾ ਹੈ; ਜਿਵੇਂ- ਹਾਸਾ, ਰੋਣਾ, ਸ਼ਰਧਾ, ਸੱਚ, ਖੁਸ਼ੀ, ਗਮੀ, ਪਿਆਰ ਆਦਿ ।

# ਪੜਨਾਂਵ

ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ : ਤੁਸੀਂ, ਉਹ, ਕਈ, ਅਹੁ, ਕੌਣ।
ਪੜਨਾਂਵ ਦੀਆਂ ਕਿਸਮਾਂ
ਪੜਨਾਂਵ ਛੇ ਪ੍ਰਕਾਰ ਦੇ ਹਨ :

1. ਪੁਰਖ-ਵਾਚਕ ਪੜਨਾਂਵ ਪੜਨਾਂਵ
2. ਨਿੱਜ-ਵਾਚਕ ਪੜਨਾਂਵ
3. ਨਿਸ਼ਚੇਵਾਚਕ ਪੜਨਾਂਵ
4. ਅਨਿਸ਼ਚੇਵਾਚਕ ਪੜਨਾਂਵ
5. ਸੰਬੰਧ-ਵਾਚਕ ਪੜਨਾਂਵ ਪ੍ਰਸ਼ਨਵਾਚਕ
6. ਪ੍ਰਸ਼ਨ-ਵਾਚਕ ਪੜਨਾਂਵ

**1. ਪੁਰਖ-ਵਾਚਕ ਪੜਨਾਂਵ :** ਜਿਹੜੇ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾਂ ਦੀ ਥਾਂ 'ਤੇ ਵਰਤਦੇ ਹਾਂ, ਉਹਨਾਂ ਨੂੰ ਪੁਰਖ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:- ਮੈਂ, ਤੁਸੀਂ, ਉਹ ਆਦਿ।
ਪੁਰਖ-ਵਾਚਕ ਪੜਨਾਂਵ ਤਿੰਨ ਪ੍ਰਕਾਰ ਦੇ ਹੁੰਦੇ ਹਨ :
ਉੱਤਮ ਪੁਰਖ ਜਾਂ ਪਹਿਲਾ ਪੁਰਖ
ਮੱਧਮ ਪੁਰਖ ਜਾਂ ਦੂਜਾ ਪੁਰਖ
ਅਨਯ ਪੁਰਖ ਜਾਂ ਤੀਜਾ ਪੁਰਖ
**ਉੱਤਮ ਪੁਰਖ :** ਜਿਹੜਾ ਪੁਰਖ ਗੱਲ ਕਰਦਾ ਹੈ, ਉਸ ਨੂੰ ਉੱਤਮ ਪੁਰਖ ਜਾਂ ਪਹਿਲਾ ਪੁਰਖ ਕਿਹਾ ਜਾਂਦਾ ਹੈ, ਜਿਵੇਂ:- ਮੈਂ, ਮੈਨੂੰ, ਅਸੀਂ, ਸਾਡਾ ਆਦਿ।
**ਮੱਧਮ ਪੁਰਖ :** ਜਿਸ ਪੁਰਖ ਨਾਲ ਗੱਲ ਕੀਤੀ ਜਾਵੇ, ਉਸ ਨੂੰ ਮੱਧਮ ਪੁਰਖ ਜਾਂ ਦੂਜਾ ਪੁਰਖ ਕਿਹਾ ਜਾਂਦਾ ਹੈ, ਜਿਵੇਂ:- ਤੂੰ, ਤੁਸੀਂ, ਤੇਰਾ, ਤੁਹਾਡਾ ਆਦਿ।

**ਅਨਯ ਪੁਰਖ :** ਜਿਹੜੇ ਪੁਰਖ ਦੇ ਬਾਰੇ ਗੱਲ ਕੀਤੀ ਜਾਵੇ, ਉਸ ਨੂੰ ਅਨਯ ਪੁਰਖ ਜਾਂ ਤੀਜਾ ਪੁਰਖ ਕਿਹਾ ਜਾਂਦਾ ਹੈ, ਜਿਵੇ:- ਉਹ, ਉਹਨਾਂ ਆਦਿ।

**2. ਨਿੱਜ-ਵਾਚਕ ਪੜਨਾਂਵ** ਜਿਹੜਾ ਸ਼ਬਦ ਕਰਤਾ ਦੇ ਨਾਲ ਆ ਕੇ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:- ਮੈਂ **ਆਪ** ਉਸ ਨੂੰ ਸਮਝਾਇਆ। ਮੁੰਡੇ **ਆਪਸ** ਵਿੱਚ ਲੜਦੇ ਹਨ।

**3. ਨਿਸ਼ਚੇਵਾਚਕ ਪੜਨਾਂਵ** ਜਿਹੜੇ ਪੜਨਾਂਵ ਕਿਸੇ ਦੂਰ ਜਾਂ ਨੇੜੇ ਦੀ ਦਿਸਦੀ ਚੀਜ਼ ਵੱਲ ਇਸ਼ਾਰਾ ਕਰਕੇ ਉਸ ਦੇ ਨਾਂ ਦੀ ਥਾਂ ਤੇ ਵਰਤੇ ਜਾਣ, ਉਹਨਾਂ ਨੂੰ ਨਿਸ਼ਚੇਵਾਚਕ ਪੜਨਾਂਵ ਕਹਿੰਦੇ ਹਨ, ਜਿਵੇਂ:- **ਅਹੁ** ਕੁਝ ਬਣ ਰਿਹਾ ਹੈ। **ਇਹ** ਬੜਾ ਹਾਜ਼ਰ-ਜਵਾਬ ਹੈ।

**4. ਅਨਿਸ਼ਚੇਵਾਚਕ ਪੜਨਾਂਵ** ਜਿਹੜੇ ਪੜਨਾਂਵ-ਸ਼ਬਦਾਂ ਤੋਂ ਕਿਸੇ ਵਿਅਕਤੀ, ਸਥਾਨ, ਵਸਤੂ ਆਦਿ ਦਾ ਸਪਸ਼ਟ ਜਾਂ ਨਿਸ਼ਚੇ-ਪੂਰਵਕ ਗਿਆਨ ਨਾ ਹੋਵੇ , ਉਹਨਾਂ ਨੂੰ ਅਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:- **ਕੋਈ** ਗੀਤ ਗਾ ਰਿਹਾ ਹੈ। **ਕਈ** ਆਉਂਦੇ ਹਨ।

**5. ਸੰਬੰਧ-ਵਾਚਕ ਪੜਨਾਂਵ** ਜਿਹੜਾ ਸ਼ਬਦ ਨਾਂਵ ਸ਼ਬਦ ਦੀ ਥਾਂ ਵਰਤਿਆ ਜਾਵੇ ਤੇ ਯੋਜਕਾਂ ਵਾਂਗ ਦੋ ਵਾਕਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ ਸੰਬੰਧ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:- ਲੋਕ **ਜੋ** ਆਪਸ ਵਿੱਚ ਪਿਆਰ ਕਰਦੇ ਹਨ, ਸੁਖੀ ਵੱਸਦੇ ਹਨ। ਉਹ ਸ਼ਰਾਬੀ **ਜਿਸ ਨੇ** ਗੋਲੀਆਂ ਚਲਾਈਆਂ ਸਨ, ਫੜਿਆ ਗਿਆ।

**6. ਪ੍ਰਸ਼ਨ-ਵਾਚਕ ਪੜਨਾਂਵ** ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ ਪਰ ਨਾਲ ਹੀ ਉਸ ਵੱਲੋਂ ਕੋਈ ਪੁੱਛ-ਗਿੱਛ ਕੀਤੀ ਜਾਵੇ, ਉਸ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਿਹਾ ਜਾਦਾ ਹੈ, ਜਿਵੇਂ:- **ਕੌਣ** ਰੋ ਰਿਹਾ ਹੈ? ਗਲਾਸ **ਕਿਸ ਨੇ** ਤੋੜਿਆ ਹੈ?

## ਵਿਸਰਾਮ-ਚਿੰਨ੍ਹ

ਕਿਸੇ ਵੀ ਭਾਸ਼ਾ ਨੂੰ ਲਿਖਤੀ ਰੂਪ ਵਿਚ ਸਰਲ, ਸਪਸ਼ਟ ਅਤੇ ਠੀਕ ਢੰਗ ਨਾਲ ਲਿਖਣ ਲਈ ਵਿਸਰਾਮ-ਚਿੰਨ੍ਹ ਬਹੁਤ ਹੀ ਮਹੱਤਵਪੂਰਨ ਹੁੰਦੇ ਹਨ। ਇਹਨਾਂ ਦੀ ਥਾਂ ਬਦਲ ਜਾਵੇ ਤਾਂ ਅਰਥਾਂ ਵਿਚ ਭਾਰੀ ਤਬਦੀਲੀ ਆ ਜਾਂਦੀ ਹੈ। ਉਦਾਹਰਨ :

ਰੋਕੋ ਨਾ, ਜਾਣ ਦਿਉ -ਜਾਣ ਦੇਣ ਦਾ ਭਾਵ ਹੈ।

ਰੋਕੋ, ਨਾ ਜਾਣ ਦਿਉ -ਰੋਕਣ ਦਾ ਭਾਵ ਹੈ।

1. **ਡੰਡੀ (।)** ਇਹ ਪੂਰਨ ਵਿਸਰਾਮ ਦਾ ਚਿੰਨ੍ਹ ਹੈ। ਇਹ ਸਧਾਰਨ ਵਾਕ ਦੇ ਅੰਤ ਵਿੱਚ ਲਾਇਆ ਜਾਂਦਾ ਹੈ, ਜਿਵੇਂ:- ਹਰਜੀਤ ਸਕੂਲ ਜਾ ਰਿਹਾ ਹੈ।
2. **ਕਾਮਾ (,)** ਕਾਮੇ ਦੀ ਵਰਤੋਂ ਵਾਕ ਵਿੱਚ ਥੋੜ੍ਹਾ ਜਿਹਾ ਠਹਿਰਾਅ ਪੈਦਾ ਕਰਨ ਲਈ ਕੀਤੀ ਜਾਂਦੀ ਹੈ, ਜਿਵੇਂ:- ਅਮਿਤ, ਰਾਮ ਅਤੇ ਸ਼ਾਮ ਖੇਡਣ ਗਏ ।
3. **ਪ੍ਰਸ਼ਨ-ਚਿੰਨ੍ਹ (?)** ਜਿਸ ਵਾਕ ਵਿੱਚ ਕੋਈ ਪ੍ਰਸ਼ਨ ਪੁੱਛਿਆ ਜਾਵੇ, ਉਸ ਵਾਕ ਦੇ ਅੰਤ ਵਿੱਚ ਪ੍ਰਸ਼ਨ-ਚਿੰਨ੍ਹ ਲਾਇਆ ਜਾਂਦਾ ਹੈ, ਜਿਵੇਂ:- ਤੇਰਾ ਨਾਂ ਕੀ ਹੈ?
4. **ਬਿੰਦੀ-ਕਾਮਾ (;)** ਇਸ ਦੀ ਵਰਤੋਂ ਜ਼ਿਆਦਾ ਨਹੀਂ ਹੁੰਦੀ। ਇੱਕੋ ਵਾਕ ਵਿੱਚ ਜਦੋਂ ਕਾਮਾ (,) ਨਾਲੋਂ ਵੱਧ ਅਤੇ ਡੰਡੀ (।) ਨਾਲ਼ੋਂ ਘੱਟ ਵਿਸਰਾਮ ਦੇਣਾ ਹੋਵੇ ਤਾਂ ਬਿੰਦੀ-ਕਾਮੇ (;) ਦੀ ਵਰਤੋਂ ਹੁੰਦੀ ਹੈ, ਜਿਵੇਂ:- ਤੁਹਾਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ; ਤਾਂ ਹੀ ਤੁਸੀਂ ਪਾਸ ਹੋ ਸਕੋਗੇ ।
5. **ਦੁਬਿੰਦੀ (:)** ਜਦੋਂ ਕਿਸੇ ਸ਼ਬਦ ਦੇ ਸਾਰੇ ਅੱਖਰ ਨਾ ਲਿਖੇ ਜਾਣ ਤਾਂ ਦੁਬਿੰਦੀ ਦੀ ਵਰਤੋਂ ਹੁੰਦੀ ਹੈ, ਜਿਵੇਂ:- **ਸ:ਮਿ:ਸ:** (ਸਰਕਾਰੀ ਮਿਡਲ ਸਕੂਲ)।
6. **ਵਿਸਮਕ-ਚਿੰਨ੍ਹ (!)** ਇਹ ਚਿੰਨ੍ਹ ਉਹਨਾਂ ਵਾਕਾਂ ਜਾਂ ਸ਼ਬਦਾਂ ਦੇ ਪਿੱਛੇ ਵਰਤਿਆ ਜਾਂਦਾ ਹੈ, ਜਿਹੜੇ ਮਨ ਦੇ ਕਿਸੇ ਭਾਵ ਖ਼ੁਸ਼ੀ, ਗਮੀ ਜਾਂ ਹੈਰਾਨੀ ਆਦਿ ਪ੍ਰਗਟ ਕਰਦੇ ਹੋਣ, ਜਿਵੇਂ:- ਵਾਹ! ਕਿੰਨਾ ਸੋਹਣਾ ਫੁੱਲ ਹੈ!
7. **ਪੁੱਠੇ ਕਾਮੇ (" ")** ਜਦੋਂ ਕਿਸੇ ਦੇ ਕਹੇ ਹੋਏ ਜਾਂ ਲਿਖੇ ਹੋਏ ਸ਼ਬਦਾਂ ਨੂੰ ਉਸੇ ਤਰ੍ਹਾਂ ਉਸੇ ਕਾਲ ਵਿੱਚ ਲਿਖਣਾ ਹੋਵੇ ਤਾਂ ਉਹਨਾਂ ਨੂੰ ਦੋ ਪੁੱਠੇ ਕਾਮੇ ਅਤੇ ਦੋ ਸਿੱਧੇ ਕਾਮਿਆਂ ਵਿੱਚ ਲਿਖਿਆ ਜਾਂਦਾ ਹੈ, ਜਿਵੇਂ:- ਪ੍ਰੀਤ ਨੇ ਅਧਿਆਪਕ ਨੂੰ ਕਿਹਾ, "ਮੈਨੂੰ ਅੱਜ ਛੁੱਟੀ ਚਾਹੀਦੀ ਹੈ।"
8. **ਬ੍ਰੈਕਟ ( )** ਕਿਸੇ ਵਾਕ ਜਾਂ ਸ਼ਬਦ ਦੇ ਅਰਥ ਹੋਰ ਸਪਸ਼ਟ ਕਰਨ ਲਈ ਬ੍ਰੈਕਰ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ:- ਸਿਆਣਪ (ਅਕਲ) ਤੋਂ ਕੰਮ ਲਉ।
9. **ਬਿੰਦੀ (.)** ਇਸ ਦੀ ਵਰਤੋਂ ਸੰਖੇਪ ਵਿਚ ਲਿਖੀਆਂ ਡਿਗਰੀਆਂ ਪਿੱਛੇ ਹੁੰਦੀ ਹੈ, ਜਿਵੇਂ:- ਬੀ.ਏ., ਐੱਮ.ਏ.।
10. **ਛੁੱਟ-ਮਰੋੜੀ (')** ਬੋਲ-ਚਾਲ ਦੀ ਭਾਸ਼ਾ ਨੂੰ ਲਿਖਣ ਵੇਲ਼ੇ ਕੋਈ ਅੱਖਰ ਛਡਿਆ ਜਾਵੇ ਤਾਂ ਛੁੱਟ-ਮਰੋੜੀ ਪਾਈ ਜਾਂਦੀ ਹੈ, ਜਿਵੇਂ:- ਚਿੜੀ ਕੋਠੇ 'ਤੇ ਬੈਠੀ ਹੈ।

**11. ਡੈਸ਼ (–)** ਇਹ ਚਿੰਨ੍ਹ ਕਿਸੇ ਗੱਲ ਨੂੰ ਸਪਸ਼ਟ ਕਰਨ ਲਈ ਵਾਧੂ ਗੱਲ ਕਹਿਣ ਲਈ ਵਰਤਿਆ ਜਾਂਦਾ ਹੈ, ਜਿਵੇਂ:- ਫੁੱਲ-ਜੋ ਬੀਜਿਆ ਜਾਵੇ-ਬਹੁਤ ਵਧੀਆਂ ਹੁੰਦਾ ਹੈ।

**12. ਦੁਬਿੰਦੀ-ਡੈਸ਼ (:– )** ਕਿਸੇ ਸ਼ਬਦ, ਵਾਕ ਦੀ ਵਿਆਖਿਆ ਜਾਂ ਉਦਾਹਰਨ ਦੇਣ ਤੋਂ ਪਹਿਲਾਂ ਇਸ ਚਿੰਨ੍ਹ ਦੀ ਵਰਤੋਂ ਕਤਿੀ ਜਾਂਦੀ ਹੈ, ਜਿਵੇ:-।

**13. ਜੋੜਨੀ (-)** ਇਸ ਦੀ ਵਰਤੋਂ ਹੇਠ ਲਿਖੇ ਅਨੁਸਾਰ ਹੁੰਦੀ ਹੈ।
ਹਮ-ਉਮਰ, ਚਾਹ-ਪਾਣੀ।

## ਵਿਰੋਧੀ ਸ਼ਬਦ (ਪੰਨਾ 56-57)

ਕਿਸੇ ਸ਼ਬਦ ਦੇ ਵਿਰੋਧੀ ਭਾਵਾਂ ਜਾਂ ਅਰਥਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦਾਂ ਨੂੰ ਵਿਰੋਧੀ ਸ਼ਬਦ ਕਿਹਾ ਜਾਂਦਾ ਹੈ।

| | | | |
|---|---|---|---|
| ਛੋਹਲ਼ਾ | ਸੁਸਤ, ਢਿੱਲਾ, ਮੱਠਾ | ਦੇਸੀ | ਵਿਦੇਸ਼ੀ |
| ਛੂਤ | ਅਛੂਤ | ਦੋਸ਼ | ਗੁਣ |
| ਛੋਟਾ | ਵੱਡਾ | ਧਰਤੀ | ਅਕਾਸ਼ |
| ਜਨਮ | ਮਰਨ | ਧਨੀ | ਕੰਗਾਲ |
| ਜਾਗਣਾ | ਸੌਣਾ | ਧੁੱਪ | ਛਾਂ |
| ਠੰਡਾ | ਤੱਤਾ | ਨਕਦ | ਉਧਾਰ |
| ਠਰਨਾ | ਤਪਣਾ | ਨਵਾਂ | ਪੁਰਾਣਾ |
| ਡਰਾਕਲ਼ | ਦਲੇਰ, ਨਿਡਰ | ਨੇਕੀ | ਬਦੀ |
| ਡਿਗਣਾ | ਉੱਠਣਾ | ਨਿਰਮਲ | ਮੈਲ਼ਾ |
| ਡੋਬਣਾ | ਤਾਰਨਾ | ਨਿਰਜੀਵ | ਸਜੀਵ |
| ਢਾਹੁਣਾ | ਉਸਾਰਨਾ | ਪੱਧਰਾ | ਉੱਚਾ-ਨੀਵਾਂ |
| ਤਕੜਾ | ਮਾੜਾ, ਕਮਜ਼ੋਰ | ਪ੍ਰਤੱਖ | ਗੁੱਝਾ, ਲੁਕਵਾਂ |
| ਤੱਤਾ | ਠੰਡਾ | ਪਰਦੇਸ | ਸੁਦੇਸ |
| ਬੁਰਾ | ਭਲਾ | ਪਵਿੱਤਰ | ਅਪਵਿੱਤਰ |
| ਭੰਡਣਾ | ਸਲਾਹੁਣਾ | ਪੜ੍ਹਿਆ | ਅਨਪੜ੍ਹ |
| ਭੰਨਣਾ | ਘੜਨਾ | ਪੁੱਠਾ | ਸਿੱਧਾ |
| ਭੋਲ਼ਾ | ਚਲਾਕ, ਤੇਜ਼ | ਪੁੱਤਰ | ਕਪੁੱਤਰ |
| ਭਿੱਜਿਆ | ਸੁੱਕਿਆ | ਫਸਣਾ | ਨਿਕਲਣਾ, ਛੁੱਟਣਾ |
| ਮਨਾਹੀ | ਖੁੱਲ੍ਹ | ਫੜਨਾ | ਛੱਡਣਾ |
| ਮਿੱਤਰ | ਵੈਰੀ | ਫਿੱਕਾ | ਮਿੱਠਾ |
| ਯਕੀਨ | ਸ਼ੱਕ | ਬਹਾਦਰ | ਡਰਪੋਕ |
| ਯਾਰੀ | ਦੁਸ਼ਮਣੀ | ਬਰੀਕ | ਮੋਟਾ |
| ਯੋਗ | ਅਯੋਗ | ਬਲਵਾਨ | ਨਿਰਬਲ |
| ਰੋਗ | ਅਰੋਗ | ਲੋੜਵੰਦ | ਬੇਲੋੜਾ |
| ਰੱਜਿਆ | ਭੁੱਖਾ | ਵੱਖਰਾ | ਸਾਂਝਾ |
| ਰੋਂਦੂ | ਹਸਮੁਖ | ਵਧੀਆ | ਘਟੀਆ |
| ਲੋਕ | ਪਰਲੋਕ | ਵਰ | ਸਰਾਪ |
| ਲੋਭੀ | ਤਿਆਗੀ | ਵਿਗਾੜਨਾ | ਸੁਆਰਨਾ |
| ਤਰ | ਖੁਸ਼ਕ | ਸ਼ਾਂਤੀ | ਅਸ਼ਾਂਤੀ |
| ਥੱਲੇ | ਉੱਤੇ | ਸ਼ਰਮੀਲਾ | ਬੇਸ਼ਰਮ |
| ਥੋੜ੍ਹਾ | ਬਹੁਤ | ਸ਼ਰਾਬੀ | ਸੋਫ਼ੀ |
| ਦਿਨ | ਰਾਤ | ਖਰੀਦਣਾ | ਵੇਚਣਾ |
| ਦੂਰ | ਨੇੜੇ | ਖ਼ਾਲੀ | ਭਰਿਆ |












# ਮੁਹਾਵਰੇ (41-50)

1. **ਕੰਨਾਂ ਨੂੰ ਹੱਥ ਲਗਾਉਣਾ-** (ਤੋਬਾ ਕਰਨੀ) ਜਗਸੀਰ ਨੇ ਜਦੋਂ ਸ਼ਰਾਬ ਨਾ ਪੀਣ ਤੋਂ ਕੰਨਾਂ ਨੂੰ ਹੱਥ ਲਾ ਲਏ ਤਾਂ ਪਰਿਵਾਰ ਨੇ ਸ਼ੁਕਰ ਮਨਾਇਆ।
2. **ਕਲਮ ਦਾ ਧਨੀ-** (ਸਫਲ ਲੇਖਕ) ਭਾਈ ਵੀਰ ਸਿੰਘ ਜੀ ਕਲਮ ਦੇ ਧਨੀ ਸਨ।
3. **ਕੰਨਾਂ 'ਤੇ ਜੂੰ ਨਾ ਸਰਕਣੀ-** (ਕੋਈ ਅਸਰ ਨਾ ਹੋਣਾ) ਸਮੀਰ ਦੀ ਮਾਂ ਨੇ ਉਸ ਨੂੰ ਬੁਰੀ ਸੰਗਤ ਕਰਨ ਤੋਂ ਰੋਕਿਆ ਪਰ ਉਸ ਦੇ ਕੰਨਾਂ ਤੇ ਜੂੰ ਨਾ ਸਰਕੀ।
4. **ਕੰਨੀਂ ਕਤਰਾਉਣਾ-** (ਜੀਅ ਚੁਰਾਉਣਾ) ਜੇ ਸਫਲਤਾ ਹਾਸਲ ਕਰਨੀ ਹੈ ਤਾਂ ਮਿਹਨਤ ਤੋਂ ਕੰਨੀਂ ਨਹੀਂ ਕਤਰਾਉਣੀ ਚਾਹੀਦੀ।
5. **ਖੁੰਬ ਠੱਪਣੀ-** (ਬਹੁਤ ਕੁੱਟਣਾ) ਲੋਕਾਂ ਨੂੰ ਲਾਰੇ ਲਾ ਕੇ ਵੋਟਾਂ ਮੰਗਣ ਵਾਲਿਆਂ ਦੀ ਲੋਕਾਂ ਨੇ ਭੇਤ ਖੋਲ੍ਹ ਕੇ ਭਰੇ ਜਲਸੇ ਵਿੱਚ ਖੁੰਬ ਠੱਪ ਦਿੱਤੀ।
6. **ਖ਼ੂਨ ਖੌਲਣਾ-** (ਗੁੱਸਾ ਆਉਣਾ) ਬੇਇਨਸਾਫ਼ੀ ਹੁੰਦੀ ਵੇਖ ਮੇਰਾ ਖ਼ੂਨ ਖੌਲ ਉੱਠਦਾ ਹੈ।
7. **ਖਿਚੜੀ ਪਕਾਉਣੀ-** (ਸਲਾਹਾਂ ਕਰਨੀਆਂ) ਸੀਤਾ ਅਤੇ ਗੀਤਾ, ਸੁਨੀਤਾ ਦੇ ਖ਼ਿਲਾਫ਼ ਹਰ ਵੇਲੇ ਪਤਾ ਨਹੀਂ ਕੀ ਖਿਚੜੀ ਪਕਾਉਂਦੀਆਂ ਰਹਿੰਦੀਆਂ ਹਨ।
8. **ਖੰਡ-ਖੀਰ ਹੋਣਾ-** (ਇੱਕ-ਮਿੱਕ ਹੋਣਾ) ਜਦੋਂ ਘਰ ਵਿੱਚ ਸੱਸ ਅਤੇ ਨੂੰਹ ਖੰਡ-ਖੀਰ ਹੋ ਰਹਿੰਦੀਆਂ ਹਨ ਤਾਂ ਸਭ ਨੂੰ ਚੰਗਾ ਲੱਗਦਾ ਹੈ।
9. **ਖੇਰੂੰ-ਖੇਰੂੰ ਹੋਣਾ-** (ਨਿੱਖੜ ਜਾਣਾ) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਦਰੂਨੀ ਸਾਜ਼ਸ਼ਾਂ ਅਤੇ ਅੰਗਰੇਜ਼ਾਂ ਦੀ ਕੂਟਲਨੀਤੀ ਕਾਰਨ ਸਿੱਖ ਰਾਜ ਖੇਰੂੰ-ਖੇਰੂੰ ਹੋ ਗਿਆ।
10. **ਖਾਰ ਖਾਣੀ-** (ਈਰਖਾ ਕਰਨੀ) ਕਿਸੇ ਦੀ ਤਰੱਕੀ ਹੁੰਦੀ ਵੇਖ ਕੇ ਸਾਨੂੰ ਖਾਰ ਨਹੀਂ ਖਾਣੀ ਚਾਹੀਦੀ।

ਗੁਰਪ੍ਰੀਤ ਸਿੰਘ ਰੂਪਰਾ
ਪੰਜਾਬੀ ਮਾਸਟਰ
ਸਮਿਸ ਪੱਖੀ ਖੁਰਦ
ਫ਼ਰੀਦਕੋਟ।
9855800683